ਚੰਡੀਗੜ੍ਹ ਅਜੀਤ
ਅਜੀਤ ਚੰਡੀਗੜ੍ਹ
ਸੋਮਵਾਰ, 20 ਅਕਤੂਬਰ 2025




ਬੰਦੀਛੋੜ ਦਿਵਸ ਸੰਬੰਧੀ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਸੈਕਟਰ 40 ਵਿਖੇ ਰੰਗ ਬਿਰੰਗੀਆਂ ਰੌਸ਼ਨੀਆਂ ਨਾਲ ਕੀਤੀ ਗਈ ਸਜਾਵਟ। *ਤਸਵੀਰ : ਗੁਰਿੰਦਰ ਸਿੰਘ*



ਦੀਵਾਲੀ ਅਤੇ ਬੰਦੀਛੋੜ ਦਿਵਸ ਸੰਬੰਧੀ ਲੋਕਾਂ ਵਲੋਂ ਘਰਾਂ ਵਿਚ ਕੀਤੀਆਂ ਗਈਆਂ ਰੌਸ਼ਨੀਆਂ ਦੀ ਸਜਾਵਟ। *ਤਸਵੀਰ : ਗੁਰਿੰਦਰ ਸਿੰਘ*



ਦੀਵਾਲੀ ਦੇ ਤਿਉਹਾਰ ਮੌਕੇ ਖ਼ਰੀਦਦਾਰੀ ਦੌਰਾਨ ਸੈਕਟਰ 22 ਵਿਚ ਲੱਗਿਆ ਵਾਹਨਾਂ ਦਾ ਜਾਮ। *ਤਸਵੀਰ : ਗੁਰਿੰਦਰ ਸਿੰਘ*

# ਚੰਡੀਗੜ੍ਹ ਦੇ ਗੋਲਫ ਕਲੱਬ ਵਿਖੇ ਏ.ਐਸ. ਦੁਲਤ ਦੀ ਪੁਸਤਕ 'ਦ ਚੀਫ਼ ਮਨਿਸਟਰ ਐਂਡ ਦ ਸਪਾਈ' ਹੋਈ ਲੋਕ-ਅਰਪਣ- ਸਮਾਰੋਹ ਵਿਚ ਨਾਮੀ ਸ਼ਖ਼ਸੀਅਤਾਂ ਨੇ ਕੀਤੀ ਸ਼ਮੂਲੀਅਤ

ਚੰਡੀਗੜ੍ਹ, 19 ਅਕਤੂਬਰ (ਅਜਾਇਬ ਸਿੰਘ ਔਜਲਾ) – ਇੱਥੇ ਅੱਜ ਗੋਲਫ਼ ਕਲੱਬ ਵਿਖੇ ਇਕ ਪ੍ਰਭਾਵਸ਼ਾਲੀ ਸਮਾਰੋਹ ਦੌਰਾਨ ਨੋਬਲ ਬੈਂਚ ਦੇ ਸਹਿਯੋਗ ਨਾਲ ਏ.ਐਸ ਦੁਲਤ ਜੋ ਇਕ ਪ੍ਰਸਿੱਧ ਖ਼ੁਫ਼ੀਆ ਅਧਿਕਾਰੀ ਅਤੇ ਲੇਖਕ ਹਨ ਦੀ ਪੁਸਤਕ 'ਦ ਚੀਫ਼ ਮਨਿਸਟਰ ਐਂਡ ਦ ਸਪਾਈ' ਲੋਕ ਅਰਪਣ ਕੀਤੀ ਗਈ। ਇਸ ਮੌਕੇ 'ਤੇ ਵੱਖ ਵੱਖ ਖੇਤਰ ਦੀਆਂ ਨਾਮੀ ਸ਼ਖ਼ਸੀਅਤਾਂ ਨੇ ਵੀ ਸ਼ਮੂਲੀਅਤ ਕੀਤੀ। ਏ.ਐਸ. ਦਲਤ ਨੇ 'ਅਜੀਤ' ਨਾਲ ਗੱਲ ਕਰਦਿਆਂ ਦੱਸਿਆ ਕਿ ਇਹ ਉਨ੍ਹਾਂ ਦੀ 5ਵੀਂ ਕਿਤਾਬ ਹੈ, ਜੋ ਕਸ਼ਮੀਰ ਮਸਲੇ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਜਿਹੜੀਆਂ 4 ਕਿਤਾਬਾਂ ਆਈਆਂ ਹਨ ਉਹ ਵੀ ਕਸ਼ਮੀਰ ਨਾਲ ਸਬੰਧਤ ਰਹੀਆਂ ਹਨ। ਉਲੇਖਣੀ ਹੈ ਕਿ ਏ.ਐਸ. ਦੁਲਤ ਇਕ ਪ੍ਰਸਿੱਧ ਖ਼ੁਫ਼ੀਆ ਅਧਿਕਾਰੀ ਅਤੇ ਲੇਖਕ ਹਨ ਜੋ ਕਸ਼ਮੀਰ ਮਾਮਲਿਆਂ ਵਿਚ ਆਪਣੀ ਮੁਹਾਰਤ ਲਈ ਮਸ਼ਹੂਰ ਹਨ। ਇਕ ਸਾਬਕਾ ਆਈ.ਪੀ.ਐਸ ਅਧਿਕਾਰੀ ਵਜੋਂ ਉਨ੍ਹਾਂ ਨੇ ਇੰਟੈਲੀਜੈਂਸ ਬਿਊਰੋ ਦੇ ਵਿਸ਼ੇਸ਼ ਨਿਰਦੇਸ਼ਕ ਵਜੋਂ ਸੇਵਾ ਨਿਭਾਈ ਅਤੇ ਬਾਅਦ ਵਿਚ 1999 ਤੋਂ 2000 ਤੱਕ ਸਕੱਤਰ (ਆਰ) ਵਜੋਂ ਭਾਰਤ ਦੀ ਬਾਹਰੀ ਖ਼ੁਫੀਆ ਏਜੰਸੀ, 'ਰਾਅ' ਦੀ ਵੀ ਅਗਵਾਈ ਕੀਤੀ। ਉਨ੍ਹਾਂ ਸਲਾਹ ਵੀ ਦਿੱਤੀ ਕਿ ਕਸ਼ਮੀਰ ਬਾਰੇ ਪ੍ਰਧਾਨ ਮੰਤਰੀ ਦਫ਼ਤਰ (2000–2004)ਤਕ ਉਨ੍ਹਾਂ ਦੀਆਂ ਪ੍ਰਸ਼ੰਸਾਯੋਗ ਰਚਨਾਵਾਂ ਵਿਚ 'ਕਸ਼ਮੀਰ: ਦ ਵਾਜਪਾਈ ਯੀਅਰਜ਼' ਅਤੇ 'ਦ ਸਪਾਈ ਕ੍ਰੋਨਿਕਲਜ਼' (ਅਸਦ ਦੁਰਾਨੀ ਦੇ ਨਾਲ) ਸ਼ਾਮਲ ਹਨ। ਉਨ੍ਹਾਂ ਦੀ ਨਵੀਂ ਕਿਤਾਬ, 'ਦ ਚੀਫ਼ ਮਨਿਸਟਰ ਐਂਡ ਦ ਸਪਾਈ' ਐਨ ਅਨਲੌਕਸੀਬਲ ਫਰੈਂਡਸ਼ਿਪ, ਡਾ. ਫਾਰੂਕ ਅਬਦੁੱਲਾ ਨਾਲ ਉਨ੍ਹਾਂ ਦੀ ਅਸਾਧਾਰਨ ਦੋਸਤੀ ਨੂੰ ਦਰਸਾਉਂਦੀ ਹੈ, ਜੋ ਕਸ਼ਮੀਰ ਦੇ ਦਹਾਕਿਆਂ ਦੇ ਇਤਿਹਾਸ ਵਿਚ ਰਾਜਨੀਤੀ, ਬੁੱਧੀ ਅਤੇ ਮਨੁੱਖਤਾ ਨੂੰ ਮਿਲਾਉਂਦੀ ਹੈ। ਇਸੇ ਦੌਰਾਨ ਏ.ਐਸ ਦੁਲਤ ਨੇ ਇਹ ਵੀ ਇੰਕਸਾਫ ਕੀਤਾ ਕਿ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਜੰਮੂ ਕਸ਼ਮੀਰ ਨੂੰ ਭਾਰਤ ਦਾ ਹੀ ਹਿੱਸਾ ਦੱਸਦੇ ਹਨ।




ਗੋਲਫ਼ ਕਲੱਬ ਵਿਖੇ ਏ.ਐਸ ਦੁਲਤ ਦੀ ਪੁਸਤਕ 'ਦ ਚੀਫ ਮਨਿਸਟਰ ਐਂਡ ਦ ਸਪਾਈ' ਲੋਕ ਅਰਪਣ ਸਮਾਰੋਹ ਦੌਰਾਨ ਗੱਲਬਾਤ ਕਰਦੇ ਹੋਏ ਪੁਸਤਕ ਦੇ ਲੇਖਕ ਏ.ਐਸ ਦੁਲਤ। *ਤਸਵੀਰ : ਗੁਰਿੰਦਰ ਸਿੰਘ*

ਸਮਾਰੋਹ ਦੌਰਾਨ ਏ.ਐਸ. ਦੁਲਤ ਦੇ ਨਾਲ ਮਨਰਾਜ ਗਰੇਵਾਲ ਸ਼ਰਮਾ ਨੇ ਗੱਲਬਾਤ ਦਾ ਦੌਰ ਅਰੰਭਿਆ। ਇਸੇ ਦੌਰਾਨ ਗੁਰਬੀਰ ਸਿੰਘ ਵਲੋਂ ਜੀ-ਆਇਆਂ ਆਖਦਿਆਂ ਆਪਣੇ ਸ਼ਬਦਾਂ ਨਾਲ ਪੁਸਤਕ ਅਤੇ ਲੇਖਕ ਬਾਰੇ ਸਾਂਝ ਪਾਈ। ਸਮਾਰੋਹ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਰਮੇਸ਼ ਇੰਦਰ ਸਿੰਘ ਆਈ.ਏ.ਐਸ (ਰਿਟਾ:), ਏ.ਐਸ. ਚੱਠਾ ਆਈ.ਏ.ਐਸ (ਰਿਟਾ:), ਗੁਰਬਚਨ ਸਿੰਘ ਜਗਤ, ਜਸਟਿਸ (ਰਿਟਾ:) ਰਣਜੀਤ ਸਿੰਘ, ਮਨਮੋਹਨ ਸਿੰਘ, ਹਰਦੀਪ ਸਿੰਘ ਚਾਂਦਪੁਰੀ, ਗੁਰਬੀਰ ਸਿੰਘ, ਮਨਰਾਜ ਗਰੇਵਾਲ ਸ਼ਰਮਾ, ਗੁਰਪ੍ਰੀਤ ਸਿੰਘ (ਗਲੋਬਲ ਸਿੱਖ), ਸੁਨੈਨੀ ਗੁਲੇਰੀਆ ਸ਼ਰਮਾ ਤੋਂ ਇਲਾਵਾ ਡਾ. ਐਸ.ਕ ਪੁਨੀਆ, ਜੀ.ਪੀ.ਐਸ ਸਾਹੀ, ਦੀਪਤੀ ਗੁਪਤਾ, ਦੇਵਿਕਾ ਸਿੰਘ, ਰਾਜਵਿੰਦਰ ਸਿੰਘ ਰਾਹੀ, ਸਰਦਾਰਾ ਸਿੰਘ ਚੀਮਾ, ਰਵਨੀਤ ਕੌਰ, ਰੂਪਕਿਰਨ ਆਦਿ ਵਲੋਂ ਵੀ ਸ਼ਿਰਕਤ ਕੀਤੀ ਗਈ। ਸਮਾਰੋਹ ਦੀ ਕਾਰਵਾਈ ਨੂੰ ਲੇਖਿਕਾ ਸ਼ਵੇਤਾ ਮਲਹੋਤਰਾ ਨੇ ਆਪਣੇ ਪ੍ਰਭਾਵਸ਼ਾਲੀ ਅੰਦਾਜ਼ ਤੇ ਢੁਕਵੀਂ ਸ਼ਬਦਾਵਲੀ ਨਾਲ ਬਾਖ਼ੂਬੀ ਨਿਭਾਇਆ।

## ਪੰਜਾਬ ਸਟੇਟ ਆਈ.ਏ.ਐਸ ਐਸੋਸੀਏਸ਼ਨ ਨੇ ਹੜ੍ਹ ਰਾਹਤ ਲਈ 5 ਲੱਖ ਰੁਪਏ ਦਾ ਹੋਰ ਯੋਗਦਾਨ ਪਾਇਆ

ਚੰਡੀਗੜ੍ਹ, 19 ਅਕਤੂਬਰ (ਅਜਾਇਬ ਸਿੰਘ ਔਜਲਾ)– ਪੰਜਾਬ ਸਟੇਟ ਆਈ.ਏ.ਐਸ ਐਸੋਸੀਏਸ਼ਨ ਨੇ ਹੜ੍ਹ ਰਾਹਤ ਲਈ ਰੁਪਏ 5 ਲੱਖ ਦਾ ਵਾਧੂ ਯੋਗਦਾਨ ਪਾਇਆ ਹੈ, ਜਿਸ ਨੂੰ ਮੁੱਖ ਮੰਤਰੀ ਰੰਗਲਾ ਪੰਜਾਬ ਫ਼ੰਡ ਵਿਚ ਜਮ੍ਹਾਂ ਕਰ ਦਿੱਤਾ ਗਿਆ ਹੈ। ਇਹ ਯੋਗਦਾਨ ਚੱਲ ਰਹੇ ਰਾਹਤ ਅਤੇ ਪੁਨਰਵਾਸ ਯਤਨਾਂ ਦਾ ਸਮਰਥਨ ਕਰਨ ਲਈ ਹੈ। ਐਸੋਸੀਏਸ਼ਨ ਦੇ ਸਾਰੇ ਮੈਂਬਰਾਂ ਨੇ ਪਹਿਲਾਂ ਹੜ੍ਹ ਰਾਹਤ ਯਤਨਾਂ ਲਈ ਵਿਅਕਤੀਗਤ ਤੌਰ 'ਤੇ ਇੱਕ ਦਿਨ ਦੀ ਤਨਖ਼ਾਹ ਦਾ ਯੋਗਦਾਨ ਪਾਇਆ ਸੀ। ਮੌਜੂਦਾ 5 ਲੱਖ ਰੁਪਏ ਦਾ ਯੋਗਦਾਨ ਐਸੋਸੀਏਸ਼ਨ ਵਲੋਂ ਸਮੂਹਿਕ ਤੌਰ 'ਤੇ ਕੀਤੀ ਗਈ ਇੱਕ ਵਾਧੂ ਰਕਮ ਹੈ, ਜੋ ਪੰਜਾਬ ਦੇ ਲੋਕਾਂ ਦੀ ਭਲਾਈ ਪ੍ਰਤੀ ਇਸ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦੀ ਹੈ। ਪੰਜਾਬ ਸਟੇਟ ਆਈ.ਏ.ਐਸ ਐਸੋਸੀਏਸ਼ਨ ਪ੍ਰਭਾਵਿਤ ਭਾਈਚਾਰਿਆਂ ਨਾਲ ਇਕਮੁੱਠਤਾ ਵਿਚ ਖੜ੍ਹੀ ਹੈ ਅਤੇ ਹਰ ਸੰਭਵ ਤਰੀਕੇ ਨਾਲ ਰਿਕਵਰੀ ਪ੍ਰਕਿਰਿਆ ਦਾ ਸਮਰਥਨ ਕਰਨ ਲਈ ਆਪਣੇ ਸਮਰਪਣ ਦੀ ਪੁਸ਼ਟੀ ਕਰਦੀ ਹੈ।

# ਚੰਡੀਗੜ੍ਹ 'ਚ ਕਿਸਾਨ ਭਵਨ ਵਿਖੇ ਸਾਹਿਤਕਾਰਾਂ, ਲੇਖਕਾਂ ਤੇ ਕਵੀਆਂ ਨੇ ਲਾਈਆਂ ਰੌਣਕਾਂ

ਚੰਡੀਗੜ੍ਹ, 19 ਅਕਤੂਬਰ (ਅਜਾਇਬ ਸਿੰਘ ਔਜਲਾ)–'ਸੰਵੇਦਨਾ ਚੰਡੀਗੜ੍ਹ' ਵਲੋਂ ਜੇਹਲਮ ਹਾਲ, ਕਿਸਾਨ ਭਵਨ, ਚੰਡੀਗੜ੍ਹ ਵਿਖੇ ਪੰਜਾਬੀ ਹੈਰੀਟੇਜ ਸੱਥ ਦਾ ਸਾਹਿਤਕ ਸਮਾਰੋਹ ਸਰੋਤਿਆਂ ਨੇ ਰੀਝ ਨਾਲ ਮਾਣਿਆ। ਇਸ ਸਮਾਰੋਹ ਦੀ ਇਹ ਵਿਸ਼ੇਸ਼ਤਾ ਰਹੀ ਕਿ ਇਸ ਵਿਚ ਸਾਹਿਤਕਾਰਾਂ, ਕਵੀਆਂ ਤੇ ਲੇਖਕਾਂ ਵਲੋਂ ਆਪਣੇ ਪ੍ਰਭਾਵਸ਼ਾਲੀ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਖ਼ੂਬ ਰੌਣਕਾਂ ਲਾਈਆਂ। ਇਸ ਮੌਕੇ 'ਤੇ ਵੱਖ ਵੱਖ ਖੇਤਰਾਂ 'ਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਨੂੰ ਮਾਣ ਸਨਮਾਨ ਦੇ ਕੇ ਨਿਵਾਜਿਆ ਵੀ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਸਤਨਾਮ ਸਿੰਘ ਸ਼ੋਕਰ ਵਲੋਂ ਕੀਤੀ ਗਈ ਅਤੇ ਡਾ. ਲਾਭ ਸਿੰਘ ਖੀਵਾ, ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਸਿਡਨੀ ਵਿਚ ਯਮਲਾ ਜੱਟ ਵਜੋਂ ਜਾਣੇ ਜਾਂਦੇ ਬੁਲੰਦ ਆਵਾਜ਼ ਦੇ ਗਾਇਕ ਦਵਿੰਦਰ ਸਿੰਘ ਧਾਰੀਆ, ਨਰਿੰਦਰਪਾਲ ਸਿੰਘ (ਇਟਲੀ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਪ੍ਰਧਾਨਗੀ ਮੰਡਲ ਵਿਚ ਡਾ. ਦਵਿੰਦਰ ਸਿੰਘ ਬੋਹਾ ਨੇ ਵੀ ਸ਼ਮੂਲੀਅਤ ਕੀਤੀ। ਪੰਜਾਬੀ ਹੈਰੀਟੇਜ ਸੱਥ ਦੇ ਲੋਕ ਅਰਪਣ ਦੇ ਨਾਲ ਸਮਾਗਮ ਦੇ ਕੋਆਰਡੀਨੇਟਰ ਇੰਦਰਜੀਤ ਪ੍ਰੇਮੀ ਨੇ ਪੁੱਜੀਆਂ ਸ਼ਖ਼ਸੀਅਤਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਹਰਕੀਰਤ ਸਿੰਘ ਸੰਧਰ ਵਲੋਂ ਪ੍ਰਵਾਸ ਹੰਢਾਉਂਦਿਆਂ ਪੰਜਾਬੀਆਂ ਦੇ ਆਸਟਰੇਲੀਆ ਵੱਲ ਪ੍ਰਵਾਸ ਦੇ ਇਕ ਲੰਮੇ ਸਮੇਂ ਨੂੰ ਆਪਣੀ ਪਲੇਠੀ ਪੁਸਤਕ 'ਜਦੋਂ ਤੁਰੇ ਸੀ' ਰਾਹੀਂ ਬਿਆਨਿਆ ਹੈ। ਇਸੇ ਤਰ੍ਹਾਂ ਉਨ੍ਹਾਂ 'ਕਿਸਾਨ ਨਾਮਾ', 'ਮੇਰੇ ਹਿੱਸੇ ਦਾ ਲਾਹੌਰ' ਅਤੇ ਜ਼ਿਲ੍ਹਾ ਹੁਸ਼ਿਆਰਪੁਰ ਪੁਸਤਕਾਂ ਰਾਹੀਂ ਇੱਕ ਪਰਪੱਕ ਲੇਖਕ ਹੋਣ ਦਾ ਸਬੂਤ ਦਿੱਤਾ ਹੈ। ਧਰਮਿੰਦਰ ਔਲਖ ਨੇ ਪੰਜਾਬੀ ਹੈਰੀਟੇਜ ਸੱਥ ਮੈਗਜ਼ੀਨ ਬਾਰੇ ਚਾਨਣਾ ਪਾਇਆ। ਹਰਕੀਰਤ ਸਿੰਘ ਸੰਧੂ ਨੇ ਆਪਣੇ ਹੁਣ ਤੱਕ ਦੇ ਸਾਹਿਤਕ ਸਫਰ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਲਾਭ ਸਿੰਘ ਖੀਵਾ ਨੇ ਆਖਿਆ ਕਿ ਪੰਜਾਬੀ ਮਾਂ ਬੋਲੀ ਨੂੰ ਦਰਪੇਸ਼ ਮਸਲਿਆਂ ਅਤੇ ਸੰਕਟਾਂ ਬਾਰੇ ਖੁੱਲ੍ਹ ਕੇ ਲਿਖਣਾ ਬਣਦਾ ਹੈ। ਇਸ ਮੌਕੇ ਡਾ. ਦਵਿੰਦਰ ਸਿੰਘ ਬੋਹਾ, ਕੇ. ਪੀ. ਸਿੰਘ, ਪਰਮਜੀਤ ਸਿੰਘ, ਕਰਨਲ ਜਗਤਾਰ ਸਿੰਘ ਮੁਲਤਾਨੀ, ਕਹਾਣੀਕਾਰ ਪਰਮਜੀਤ ਮਾਨ, ਸਰੂਪ ਸਿਆਲ੍ਹਵੀ, ਜੇ.ਐਸ. ਮਹਿਰਾ, ਡਾ. ਅਵਤਾਰ ਸਿੰਘ ਪਤੰਗ, ਪਾਲ ਅਜਨਬੀ, ਪੰਡਤਰਾਓ ਧਰਨੇਕਰ ਆਦਿ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ ਗਏ। ਮੰਚ ਸੰਚਾਲਨ ਸੁਰਜੀਤ ਸੁਮਨ ਵਲੋਂ ਬਾਖ਼ੂਬੀ ਕੀਤਾ ਗਿਆ।



'ਸੰਵੇਦਨਾ ਚੰਡੀਗੜ੍ਹ' ਵਲੋਂ ਕਿਸਾਨ ਭਵਨ ਚੰਡੀਗੜ੍ਹ ਵਿਖੇ ਕਰਵਾਏ ਸਾਹਿਤਕ ਸਮਾਰੋਹ ਦੌਰਾਨ ਡਾ. ਲਾਭ ਸਿੰਘ ਖੀਵਾ, ਦਵਿੰਦਰ ਸਿੰਘ ਧਾਰੀਆ (ਆਸਟ੍ਰੇਲੀਆ), ਬਰਿੰਦਰ ਪਾਲ ਸਿੰਘ (ਇਟਲੀ), ਡਾ. ਦਵਿੰਦਰ ਸਿੰਘ ਬੋਹਾ, ਪ੍ਰਿੰ. ਸਤਨਾਮ ਸਿੰਘ ਸ਼ੋਕਰ, ਇੰਦਰਜੀਤ ਪ੍ਰੇਮੀ ਤੇ ਹੋਰ। *ਤਸਵੀਰ : ਕਮਲਜੀਤ ਸਿੰਘ*

# ਚੰਡੀਗੜ੍ਹ ਦੇ ਸੈਕਟਰ 56 'ਚ ਦੀਵਾਲੀ ਮਾਰਕੀਟ ਨੂੰ ਲੈ ਕੇ ਕੌਂਸਲਰ ਅਤੇ ਐਸ.ਡੀ.ਓ. ਵਿਚ ਹੋਈ ਤਕਰਾਰ

## ਕੌਂਸਲਰ ਨੇ ਦੁਕਾਨਾਂ ਦੀ ਪਰਚੀ ਕੱਟਣ ਤੋਂ ਰੋਕਿਆ

ਚੰਡੀਗੜ੍ਹ, 19 ਅਕਤੂਬਰ (ਸੰਦੀਪ ਕੁਮਾਰ ਮਾਹਨਾ) - ਦੀਵਾਲੀ ਦੇ ਤਿਉਹਾਰ ਨੂੰ ਲੈ ਕੇ ਚੰਡੀਗੜ੍ਹ 'ਚ ਸਜ ਰਹੀਆਂ ਮਾਰਕੀਟਾਂ 'ਚ ਐਤਵਾਰ ਨੂੰ ਪਰਚੀ ਕੱਟਣ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ। ਸੈਕਟਰ 56 ਦੀ ਮਾਰਕੀਟ 'ਚ ਪੀ.ਡਬਲਿਉ.ਡੀ. ਅਤੇ ਬੀ.ਐਂਡ.ਆਰ. ਵਿਭਾਗ ਦੇ ਐਸ.ਡੀ.ਓ. ਸੁਰੇਸ਼ ਕੁਮਾਰ ਤੇ ਕੌਂਸਲਰ ਮੁਨੱਵਰ ਵਿਚਕਾਰ ਤਿੱਖੀ ਤਕਰਾਰ ਹੋ ਗਈ। ਜਾਣਕਾਰੀ ਅਨੁਸਾਰ ਐਸ.ਡੀ.ਓ. ਸੁਰੇਸ਼ ਕੁਮਾਰ ਐਤਵਾਰ ਨੂੰ ਮਾਰਕੀਟ 'ਚ ਨਿਰੀਖਣ ਲਈ ਪਹੁੰਚੇ ਸਨ। ਕੁਝ ਦੁਕਾਨਾਂ ਦੇ ਬਾਹਰ ਸਮਾਨ ਰੱਖਿਆ ਹੋਇਆ ਸੀ, ਜਿਸ 'ਤੇ ਉਨ੍ਹਾਂ ਨੇ ਤੁਰੰਤ ਤਿੰਨ ਦਿਨਾਂ ਦੀ ਪਰਚੀ ਕੱਟਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਦੀ ਖ਼ਬਰ ਮਿਲਦੇ ਹੀ ਦੁਕਾਨਦਾਰਾਂ ਨੇ ਇਲਾਕਾ ਕੌਂਸਲਰ ਮੁਨੱਵਰ ਨੂੰ ਬੁਲਾ ਲਿਆ। ਕੌਂਸਲਰ ਨੇ ਮੌਕੇ 'ਤੇ ਪਹੁੰਚ ਕੇ ਅਧਿਕਾਰੀ ਨੂੰ ਪਰਚੀ ਕੱਟਣ ਤੋਂ ਰੋਕ ਦਿੱਤਾ। ਦੋਹਾਂ ਵਿਚਕਾਰ ਕਾਫ਼ੀ ਦੇਰ ਤਕ ਬਹਿਸ ਚੱਲਦੀ ਰਹੀ। ਹਾਲਾਤ ਵਿਗੜਦੇ ਦੇਖ ਅਧਿਕਾਰੀ ਬਿਨਾਂ ਕਾਰਵਾਈ ਕੀਤੇ ਹੀ ਵਾਪਸ ਪਰਤ ਗਏ। ਦੱਸ ਦਈਏ ਕਿ ਚੰਡੀਗੜ੍ਹ 'ਚ ਦੁਕਾਨਾਂ ਦੇ ਬਾਹਰ ਸਮਾਨ ਰੱਖ ਕੇ ਵੇਚਣ 'ਤੇ ਪਾਬੰਦੀ ਹੈ। ਜੇਕਰ ਕੋਈ ਦੁਕਾਨਦਾਰ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਨਿਗਮ ਦੇ ਅਧਿਕਾਰੀ ਸਮਾਨ ਜ਼ਬਤ ਕਰ ਲੈਂਦੇ ਹਨ ਤੇ ਉਸ 'ਤੇ ਜੁਰਮਾਨਾ ਲਗਾਇਆ ਜਾਂਦਾ ਹੈ। ਇਸ ਵਾਰ ਤਹਿਬਾਜ਼ਾਰੀ ਟੀਮ ਨੂੰ ਦੁਕਾਨਾਂ ਦੇ ਬਾਹਰ ਰੱਖੇ ਸਮਾਨ ਦੀ ਪਰਚੀ ਕੱਟਣ ਦੀ ਡਿਊਟੀ ਦਿੱਤੀ ਗਈ ਹੈ। ਇਹ ਪਰਚੀ 1000 ਤੋਂ 3000 ਰੁਪਏ ਤੱਕ ਦੀ ਹੁੰਦੀ ਹੈ। ਕੌਂਸਲਰ ਮੁੱਨਵਰ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪਹਿਲਾਂ ਹੀ ਨਿਗਮ ਕਮਿਸ਼ਨਰ ਨੂੰ ਇਲਾਕੇ 'ਚ ਖੜ੍ਹੀਆਂ ਰੇਹੜੀਆਂ ਤੇ ਫੜੀਆਂ ਖ਼ਿਲਾਫ਼ ਕਾਰਵਾਈ ਲਈ ਕਿਹਾ ਸੀ, ਪਰ ਉਸ ਵੇਲੇ ਕੋਈ ਕਾਰਵਾਈ ਨਹੀਂ ਹੋਈ। ਹੁਣ ਜਦੋਂ ਦੁਕਾਨਦਾਰ ਆਪਣੀ ਰੋਜ਼ੀ-ਰੋਟੀ ਕਮਾ ਰਹੇ ਹਨ ਤਾਂ ਉਨ੍ਹਾਂ ਨੂੰ ਹੀ ਤੰਗ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਦੁਕਾਨਦਾਰਾਂ ਨੇ ਸ਼ਿਕਾਇਤ ਕੀਤੀ ਹੈ ਕਿ ਕੁਝ ਕਰਮਚਾਰੀ ਦੁਕਾਨਾਂ ਦੇ ਬਾਹਰੋਂ ਛੋਟਾ-ਮੋਟਾ ਸਮਾਨ ਚੁੱਕ ਲੈ ਜਾਂਦੇ ਹਨ ਅਤੇ ਜਦੋਂ ਸ਼ਿਕਾਇਤ ਨਿਗਮ ਦਫ਼ਤਰ 'ਚ ਕੀਤੀ ਜਾਂਦੀ ਹੈ ਤਾਂ ਕੋਈ ਸੁਣਵਾਈ ਨਹੀਂ ਹੁੰਦੀ। ਉਹ ਇਹ ਮਾਮਲਾ ਨਿਗਮ ਹਾਊਸ ਦੀ ਮੀਟਿੰਗ 'ਚ ਵੀ ਉਠਾ ਚੁੱਕੇ ਹਨ। ਹੁਣ ਕਿਸੇ ਵੀ ਅਧਿਕਾਰੀ ਨੂੰ ਦੁਕਾਨਾਂ ਦੀ ਪਰਚੀ ਨਹੀਂ ਕੱਟਣ ਦਿੱਤੀ ਜਾਵੇਗੀ। ਉੱਧਰ ਮੇਅਰ ਹਰਪ੍ਰੀਤ ਕੌਰ ਬਬਲਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਮਾਮਲੇ ਦੀ ਜਾਣਕਾਰੀ ਨਹੀਂ ਸੀ। ਉਹ ਇਲਾਕਾ ਕੌਂਸਲਰ ਅਤੇ ਨਿਗਮ ਅਧਿਕਾਰੀਆਂ ਨਾਲ ਇਸ ਬਾਰੇ ਗੱਲ ਕਰਨਗੇ ਅਤੇ ਬਣਦੀ ਕਾਰਵਾਈ ਕੀਤੀ ਜਾਵੇਗੀ।



ਚੰਡੀਗੜ੍ਹ ਦੇ ਸੈਕਟਰ 56 ਇਲਾਕੇ 'ਚ 'ਆਪ' ਕੌਂਸਲਰ ਮੁੱਨਵਰ ਅਤੇ ਐਸ.ਡੀ.ਓ ਸੁਰੇਸ਼ ਕੁਮਾਰ ਦੁਕਾਨਦਾਰਾਂ ਦੀ ਪਰਚੀ ਕੱਟਣ ਨੂੰ ਲੈ ਕੇ ਆਪਸ 'ਚ ਬਹਿਸ ਕਰਦੇ ਹੋਏ। *ਤਸਵੀਰ : ਗੁਰਿੰਦਰ ਸਿੰਘ*



ਯੂਟੀ ਪ੍ਰਸ਼ਾਸਨ ਵਲੋਂ ਚੰਡੀਗੜ੍ਹ ਦੀਆਂ ਸੜਕਾਂ ਦੀ ਕੀਤੀ ਜਾ ਰਹੀ ਰਿਪੇਅਰ ਦੀ ਤਸਵੀਰ। *ਤਸਵੀਰ : ਗੁਰਿੰਦਰ ਸਿੰਘ*

# ਚੰਡੀਗੜ੍ਹ 'ਚ ਸੜਕਾਂ ਦੇ ਸੁਧਾਰ ਕਾਰਜਾਂ 'ਚ ਆਈ ਤੇਜ਼ੀ

## ਇੰਜੀਨੀਅਰਿੰਗ ਵਿਭਾਗ ਵਲੋਂ ਮੁਰੰਮਤ ਤੇ ਰੀ-ਕਾਰਪੇਟਿੰਗ ਪ੍ਰੋਜੈਕਟਾਂ 'ਤੇ ਕੰਮ ਸ਼ੁਰੂ

ਚੰਡੀਗੜ੍ਹ, 19 ਅਕਤੂਬਰ (ਸੰਦੀਪ ਕੁਮਾਰ ਮਾਹਨਾ) - ਚੰਡੀਗੜ੍ਹ ਦੀਆਂ ਸੜਕਾਂ ਦੇ ਸੁਧਾਰ ਲਈ ਯੂਟੀ ਪ੍ਰਸ਼ਾਸਨ ਦੇ ਇੰਜੀਨੀਅਰਿੰਗ ਵਿਭਾਗ ਵਲੋਂ ਵੱਡੇ ਪੱਧਰ 'ਤੇ ਮੁਰੰਮਤ ਅਤੇ ਰੀ-ਕਾਰਪੇਟਿੰਗ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ। ਵਿਭਾਗ ਦਾ ਧਿਆਨ ਇਸ ਗੱਲ 'ਤੇ ਕੇਂਦ੍ਰਿਤ ਹੈ ਕਿ ਆਉਣ ਵਾਲੇ ਸੀਜ਼ਨ ਤੋਂ ਪਹਿਲਾਂ ਸ਼ਹਿਰ ਦੀਆਂ ਮੁੱਖ ਸੜਕਾਂ ਨੂੰ ਬਿਹਤਰ ਹਾਲਤ 'ਚ ਲਿਆਂਦਾ ਜਾਵੇ ਤਾਂ ਜੋ ਆਵਾਜਾਈ ਸੁਚਾਰੂ ਰਹੇ। ਮੱਧ ਮਾਰਗ ਦੀ ਰੀ-ਕਾਰਪੇਟਿੰਗ ਲਈ ਟੈਂਡਰ ਪਹਿਲਾਂ ਹੀ ਖੋਲ੍ਹੇ ਜਾ ਚੁੱਕੇ ਹਨ ਅਤੇ ਕੰਮ ਜਲਦੀ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਸ ਦੌਰਾਨ ਮੱਧ ਮਾਰਗ 'ਤੇ ਪੈਚ ਮੁਰੰਮਤ ਦਾ ਕੰਮ ਸਾਈਟ ਦੀ ਲੋੜ ਅਨੁਸਾਰ ਜਾਰੀ ਹੈ। ਵਿਕਾਸ ਮਾਰਗ ਦੀ ਰੀ-ਕਾਰਪੇਟਿੰਗ ਲਈ ਟੈਂਡਰ ਅਵਾਰਡ ਹੋ ਚੁੱਕਿਆ ਹੈ ਅਤੇ ਕੰਮ ਮੌਕੇ 'ਤੇ ਤੇਜ਼ੀ ਨਾਲ ਚੱਲ ਰਿਹਾ ਹੈ। ਸ਼ਹਿਰ ਦੀਆਂ ਵੀ-3 ਸੜਕਾਂ ਦੀ ਰੀ-ਕਾਰਪੇਟਿੰਗ ਲਈ ਅਨੁਮਾਨ ਮਨਜ਼ੂਰੀ ਦੀ ਪ੍ਰਕਿਰਿਆ 'ਚ ਹਨ ਅਤੇ ਮਨਜ਼ੂਰੀ ਮਿਲਦੇ ਹੀ ਇਹ ਕਾਰਜ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਵੀ-3 ਸੜਕਾਂ 'ਤੇ ਪੈਚ ਮੁਰੰਮਤ ਦਾ ਕੰਮ ਪਹਿਲਾਂ ਹੀ ਪੂਰਾ ਹੋ ਚੁੱਕਿਆ ਹੈ ਅਤੇ ਜਿੱਥੇ ਲੋੜ ਹੈ ਉੱਥੇ ਵਾਧੂ ਮੁਰੰਮਤ ਕੀਤੀ ਜਾ ਰਹੀ ਹੈ। ਹਾਲ ਹੀ 'ਚ ਹੋਈ ਇਕ ਸਮੀਖਿਆ ਬੈਠਕ ਦੌਰਾਨ ਯੂਟੀ ਚੰਡੀਗੜ੍ਹ ਦੇ ਮੁੱਖ ਸਕੱਤਰ ਨੇ ਨਿਰਦੇਸ਼ ਦਿੱਤੇ ਕਿ ਨਵੇਂ ਵਿਕਾਸ ਪ੍ਰਸਤਾਵਾਂ ਲਈ ਪ੍ਰਵਾਨਗੀਆਂ ਵਿਚ ਤੇਜ਼ੀ ਲਿਆਂਦੀ ਜਾਵੇ ਅਤੇ ਸਾਰੇ ਕਾਰਜ ਨਿਰਧਾਰਿਤ ਸਮੇਂ ਅੰਦਰ ਪੂਰੇ ਕੀਤੇ ਜਾਣ। ਉਨ੍ਹਾਂ ਨੇ ਪ੍ਰੋਜੈਕਟ ਸਮਾਂਬੱਧਤਾ ਨੂੰ ਪ੍ਰਾਥਮਿਕਤਾ ਦੇਣ ਦੀ ਹਦਾਇਤ ਵੀ ਦਿੱਤੀ। ਮੁੱਖ ਸਕੱਤਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਇੰਜੀਨੀਅਰਿੰਗ ਵਿਭਾਗ ਨੇ ਮੁਰੰਮਤ ਕਾਰਜਾਂ ਦਾ ਸ਼ੈਡਿਊਲ ਤਿਆਰ ਕਰਕੇ ਜ਼ਮੀਨੀ ਪੱਧਰ 'ਤੇ ਗਤੀਵਿਧੀਆਂ ਸ਼ੁਰੂ ਕਰ ਦਿੱਤੀਆਂ ਹਨ ਤਾਂ ਜੋ ਸ਼ਹਿਰ ਵਾਸੀਆਂ ਨੂੰ ਸੁਧਰੀਆਂ ਸੜਕ ਸਹੂਲਤਾਂ ਦਾ ਲਾਭ ਮਿਲ ਸਕੇ।

# ਚੰਡੀਗੜ੍ਹ ਯੂਨੀਵਰਸਿਟੀ ਵਿਖੇ 5ਵੀਂ ਕੌਮਾਂਤਰੀ ਕਿਤਾਬ ਪ੍ਰਦਰਸ਼ਨੀ ਲਗਾਈ

ਐੱਸ. ਏ. ਐੱਸ. ਨਗਰ, 19 ਅਕਤੂਬਰ (ਤਰਵਿੰਦਰ ਸਿੰਘ ਬੈਨੀਪਾਲ)– ਚੰਡੀਗੜ੍ਹ ਯੂਨੀਵਰਸਿਟੀ ਦੇ ਘੜੂੰਆ ਕੈਂਪਸ ਵਿਖੇ 5ਵੀਂ ਦੋ ਰੋਜ਼ਾ ਕੌਮਾਂਤਰੀ ਕਿਤਾਬ ਪ੍ਰਦਰਸ਼ਨੀ ਲਗਾਈ ਗਈ, ਜਿਸ ਦੌਰਾਨ ਵੱਖ-ਵੱਖ ਵਿਸ਼ਿਆਂ ਦੀਆਂ 25 ਹਜ਼ਾਰ ਤੋਂ ਵੱਧ ਕਿਤਾਬਾਂ ਪ੍ਰਦਰਸ਼ਿਤ ਕੀਤੀਆਂ ਗਈਆਂ। ਇਸ ਪ੍ਰਦਰਸ਼ਨੀ 'ਚ ਵੱਡੀ ਗਿਣਤੀ 'ਚ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਅਤੇ ਸਟਾਫ਼ ਨੇ ਹਿੱਸਾ ਲਿਆ। ਕਿਤਾਬ ਪ੍ਰਦਰਸ਼ਨੀ ਦਾ ਮੁੱਖ ਉਦੇਸ਼ ਲੋਕਾਂ ਨੂੰ ਖ਼ਾਸ ਕਰਕੇ ਨਵੀਂ ਪੀੜ੍ਹੀ ਨੂੰ ਸਾਹਿਤ ਦੀ ਅਨਮੋਲ ਵਿਰਾਸਤ ਨਾਲ ਜੋੜਨਾ ਸੀ। ਇਸ ਪ੍ਰਦਰਸ਼ਨੀ 'ਚ ਵਿਸ਼ਵ ਪ੍ਰਸਿੱਧ ਲੇਖਕ ਅਤੇ ਵਿਸ਼ਵ ਰਿਕਾਰਡ ਧਾਰਕ ਅਰੁਣ ਸੋਨੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਚੰਡੀਗੜ੍ਹ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਸਤਬੀਰ ਸਿੰਘ ਸਹਿਗਲ, ਚੰਡੀਗੜ੍ਹ ਯੂਨੀਵਰਸਿਟੀ ਦੇ ਨਾਲੇਜ ਰਿਸੋਰਸ ਸੈਂਟਰ ਦੇ ਮੁੱਖ ਲਾਇਬ੍ਰੇਰੀਅਨ ਡਾ. ਪ੍ਰੇਮ ਪ੍ਰਕਾਸ਼ ਸੱਤੀ ਅਤੇ ਸੀਨੀਅਰ ਲਾਈਬ੍ਰੇਰੀਅਨ ਅੰਜੂ ਚੌਹਾਨ ਆਦਿ ਵਲੋਂ ਵੀ ਉਚੇਚੇ ਤੌਰ 'ਤੇ ਹਾਜ਼ਰੀ ਲੁਆਈ ਗਈ। ਇਸ ਤੋਂ ਇਲਾਵਾ ਦੇਸ਼ ਦੁਨੀਆ ਤੋਂ 33 ਪਬਲਿਸ਼ਰਾਂ ਅਤੇ ਕਿਤਾਬ ਵਿਕਰੇਤਾਵਾਂ ਨੇ ਪ੍ਰਦਰਸ਼ਨੀ 'ਚ ਸ਼ਿਰਕਤ ਕੀਤੀ। ਇਸ ਦੌਰਾਨ 30 ਤੋਂ ਵੱਧ ਸਟਾਲਾਂ 'ਚ ਸਾਹਿਤ, ਵਿਗਿਆਨ, ਤਕਨੀਕ, ਮੈਨੇਜਮੈਂਟ, ਮਨੁੱਖਤਾ, ਕਲਪਨਾ, ਕਹਾਣੀ, ਪ੍ਰੇਰਨਾਦਾਇਕ, ਸਮਾਜ ਵਿਗਿਆਨ ਅਤੇ ਉੱਭਰ ਰਹੀਆਂ ਤਕਨਾਲੋਜੀਆਂ ਵਰਗੇ ਵਿਸ਼ਿਆਂ 'ਤੇ 25 ਹਜ਼ਾਰ ਤੋਂ ਵੀ ਜ਼ਿਆਦਾ ਕਿਤਾਬਾਂ ਰੱਖੀਆਂ ਗਈਆਂ। ਇਸ ਮੌਕੇ ਵਿਸ਼ਵ ਪ੍ਰਸਿੱਧ ਲੇਖਕ ਅਰੁਣ ਸੋਨੀ, ਜਿਨ੍ਹਾਂ ਦਾ ਨਾਂਅ ਲਿਮਕਾ ਬੁੱਕ ਆਫ਼ ਰਿਕਾਰਡਜ਼ 'ਚ ਦਰਜ ਹੈ, ਨੇ ਸਾਈਬਰ ਸਕਿਊਰਿਟੀ ਵਿਸ਼ੇ 'ਤੇ ਵਿਸ਼ੇਸ਼ ਔਥਰ ਟਾਕ ਸੈਸ਼ਨ ਲਿਆ। ਇਸ ਦੌਰਾਨ ਉਨ੍ਹਾਂ ਸਾਈਬਰ ਸੁਰੱਖਿਆ ਅਤੇ ਹੈਕਿੰਗ ਵਰਗੇ ਵਿਸ਼ਿਆਂ 'ਤੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ 'ਚ ਹਰ ਚੀਜ਼ ਦਾ ਡਿਜ਼ੀਟਲਾਈਜ਼ੇਸ਼ਨ ਹੋ ਰਿਹਾ ਹੈ, ਲਿਹਾਜ਼ਾ ਸਾਨੂੰ ਸਾਈਬਰ ਅਪਰਾਧਾਂ ਅਤੇ ਇਨ੍ਹਾਂ ਤੋਂ ਬਚਣ ਦੀਆਂ ਤਕਨੀਕਾਂ ਬਾਰੇ ਜਾਗਰੂਕ ਹੋਣ ਦੀ ਲੋੜ ਹੈ। ਪ੍ਰਦਰਸ਼ਨੀ ਦੇ ਆਖ਼ਰੀ ਦਿਨ ਵਿਦਿਆਰਥੀਆਂ ਤੇ ਸਟਾਫ਼ ਮੈਂਬਰਾਂ ਵਲੋਂ ਸੱਭਿਆਚਾਰ ਦੇ ਰੰਗ ਬਿਖੇਰੇ ਗਏ। ਇਸ ਮੌਕੇ ਵਿਦਿਆਰਥੀਆਂ ਵਿਚਾਲੇ ਨਾਚ, ਗਾਇਕੀ, ਸੰਗੀਤ ਅਤੇ ਦਸਤਾਰ ਮੁਕਾਬਲੇ ਵੀ ਕਰਵਾਏ ਗਏ ਅਤੇ ਜੇਤੂਆਂ ਨੂੰ ਟਰਾਫ਼ੀਆਂ ਅਤੇ ਸਰਟੀਫ਼ਿਕੇਟ ਤਕਸੀਮ ਕੀਤੇ ਗਏ।



ਚੰਡੀਗੜ੍ਹ ਯੂਨੀਵਰਸਿਟੀ ਵਿਖੇ ਜਾਰੀ 5ਵੀਂ ਕੌਮਾਂਤਰੀ ਕਿਤਾਬ ਪ੍ਰਦਰਸ਼ਨੀ ਦੌਰਾਨ ਮੁੱਖ ਲਾਇਬ੍ਰੇਰੀਅਨ ਡਾ. ਪ੍ਰੇਮ ਪ੍ਰਕਾਸ਼ ਸੱਤੀ ਦੀਆਂ ਕਿਤਾਬਾਂ ਦਾ ਕਲੈਕਸ਼ਨ ਦੇਖਦੇ ਹੋਏ ਚੰਡੀਗੜ੍ਹ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਸਤਬੀਰ ਸਿੰਘ ਸਹਿਗਲ।

# ਯੂ.ਟੀ. ਪਾਵਰਮੈਨ ਯੂਨੀਅਨ ਨੇ ਸੀ.ਪੀ.ਡੀ.ਐਲ. ਵਲੋਂ ਆਊਟ ਸੋਰਸ ਕਰਮਚਾਰੀਆਂ ਨੂੰ ਬੋਨਸ ਨਾ ਦੇਣ 'ਤੇ ਕੀਤੀ ਤਿੱਖੀ ਆਲੋਚਨਾ

ਚੰਡੀਗੜ੍ਹ, 19 ਅਕਤੂਬਰ (ਅਜਾਇਬ ਸਿੰਘ ਔਜਲਾ)– ਯੂ.ਟੀ. ਪਾਵਰਮੈਨ ਯੂਨੀਅਨ ਨੇ ਵਾਰ-ਵਾਰ ਮੰਗ ਪੱਤਰ ਸੌਂਪ ਕੇ ਕੰਪਨੀ 'ਚ ਕੰਮ ਕਰਦੇ ਆਊਟ ਸੋਰਸ ਕਰਮਚਾਰੀਆਂ ਨੂੰ ਬੋਨਸ ਦੇਣ ਦੀ ਮੰਗ ਕੀਤੀ ਸੀ ਅਤੇ ਇਸ ਸਬੰਧੀ ਸੀ.ਪੀ.ਡੀ.ਐਲ ਪ੍ਰਬੰਧਨ ਨਾਲ ਗੱਲਬਾਤ ਵੀ ਕੀਤੀ ਸੀ ਪਰ ਯੂਨੀਅਨ ਨੇ ਬੋਨਸ ਐਕਟ 1965 ਅਨੁਸਾਰ ਆਊਟ ਸੋਰਸ ਕੀਤੀਆਂ ਏਜੰਸੀਆਂ ਰਾਹੀਂ ਨਿਯੁਕਤ ਕੀਤੇ ਕਰਮਚਾਰੀਆਂ ਨੂੰ ਬੋਨਸ ਨਾ ਦੇਣ ਲਈ ਸੀ.ਪੀ.ਡੀ.ਐਲ ਪ੍ਰਬੰਧਨ ਦੀ ਸਖ਼ਤ ਆਲੋਚਨਾ ਕੀਤੀ ਹੈ। ਇਸ ਗੱਲ ਦਾ ਖ਼ੁਲਾਸਾ ਕਰਦਿਆਂ ਯੂਨੀਅਨ ਦੇ ਆਗੂਆਂ ਗੋਪਾਲ ਦੱਤ ਜੋਸ਼ੀ ਅਤੇ ਸੁਖਵਿੰਦਰ ਸਿੰਘ ਵਲੋਂ ਦੋਸ਼ ਲਗਾਇਆ ਕਿ ਕੰਪਨੀ ਪ੍ਰਾਇਮਰੀ ਮਾਲਕ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਅਸਫਲ ਰਹੀ ਹੈ। ਇਸ ਸਬੰਧ ਵਿਚ, ਯੂਨੀਅਨ ਨੇ ਸਾਰੇ ਸੀ.ਪੀ.ਡੀ.ਐਲ ਪ੍ਰਬੰਧਨ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ, ਜਿਸ ਵਿਚ ਮੰਗ ਕੀਤੀ ਗਈ ਸੀ ਕਿ ਬੋਨਸ ਐਕਟ ਅਨੁਸਾਰ ਦੀਵਾਲੀ ਤੋਂ ਪਹਿਲਾਂ ਆਊਟ ਸੋਰਸ ਕੀਤੇ ਕਰਮਚਾਰੀਆਂ ਨੂੰ ਬੋਨਸ ਦਿੱਤਾ ਜਾਵੇ। ਉਨ੍ਹਾਂ ਪ੍ਰਬੰਧਨ ਨੂੰ ਇਹ ਵੀ ਭਰੋਸਾ ਦਿੱਤਾ ਕਿ ਲਗਭਗ 550 ਆਊਟ ਸੋਰਸ ਕੀਤੇ ਕਰਮਚਾਰੀਆਂ ਨੇ ਬਿਜਲੀ ਸਪਲਾਈ ਦੇ ਸੁਚਾਰੂ ਸੰਚਾਲਨ ਅਤੇ ਕੰਪਨੀ ਦੇ ਰਿਕਵਰੀ ਟੀਚਿਆਂ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਅਤੇ ਬਿਜਲੀ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਦਿਨ ਰਾਤ ਕੰਮ ਕਰ ਰਹੇ ਹਨ। ਹਾਲਾਂਕਿ ਬਿਜਲੀ ਕਰਮਚਾਰੀਆਂ ਨੂੰ ਉਤਪਾਦਕਤਾ ਨਾਲ ਜੁੜਿਆ ਐਡਹਾਕ ਬੋਨਸ ਮਿਲਣਾ ਚਾਹੀਦਾ ਹੈ, ਪਰ ਸੀ.ਪੀ.ਡੀ.ਐਲ ਪ੍ਰਬੰਧਨ ਉਹ ਬੋਨਸ ਵੀ ਪ੍ਰਦਾਨ ਕਰਨ ਵਿਚ ਅਸਫਲ ਰਿਹਾ ਹੈ, ਯੂਨੀਅਨ ਦੀ ਲੀਡਰਸ਼ਿਪ ਦੀ ਅੱਜ ਇੱਕ ਐਮਰਜੈਂਸੀ ਮੀਟਿੰਗ ਵਿਚ, ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ, ਦੀਵਾਲੀ ਦੇ ਮੁੱਖ ਤਿਉਹਾਰ ਦੌਰਾਨ ਡਿਊਟੀਆਂ ਦਾ ਬਾਈਕਾਟ ਨਾ ਕਰਨ ਫੈਸਲਾ ਵਾਪਸ ਲੈ ਲਿਆ ਗਿਆ। ਉਨ੍ਹਾਂ ਕਿਹਾ ਕਿ ਉਹ ਆਪਣੀ ਨੈਤਿਕ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਦੀਵਾਲੀ ਦੇ ਇਸ ਮੁੱਖ ਤਿਉਹਾਰ ਤੇ ਡਿਊਟੀਆਂ ਦਾ ਫ਼ਰਜ਼ ਨਿਭਾਉਣਗੇ, ਪਰ ਜਲਦੀ ਹੀ ਯੂਨੀਅਨ ਦੀ ਇੱਕ ਹੋਰ ਮੀਟਿੰਗ ਕਰਕੇ ਸੰਘਰਸ਼ ਨੂੰ ਤੇਜ਼ ਕਰਨ ਦਾ ਫੈਸਲਾ ਕਰਨਗੇ। ਯੂਨੀਅਨ ਨੇ ਯੂਟੀ ਪ੍ਰਸ਼ਾਸਨ ਦੀ ਵੀ ਆਲੋਚਨਾ ਕੀਤੀ, ਜਿਸ ਵਿਚ ਦੋਸ਼ ਲਗਾਇਆ ਕਿ ਪ੍ਰਸ਼ਾਸਨ ਨੇ ਅਜੇ ਤੱਕ 2023-24 ਲਈ ਨਿਯਮਤ ਕਰਮਚਾਰੀਆਂ ਲਈ ਬੋਨਸ ਦਾ ਭੁਗਤਾਨ ਨਹੀਂ ਕੀਤਾ ਹੈ। ਇਨ੍ਹਾਂ ਪ੍ਰਤੀ ਮੁਲਾਜ਼ਮ ਆਗੂ ਸੁਰਜੀਤ ਸਿੰਘ ਅਤੇ ਵਰਿੰਦਰ ਸਿੰਘ ਨੇ ਵੀ ਮੰਗਾਂ ਨਾ ਮੰਨਣ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ।



ਯੂ.ਟੀ. ਪਾਵਰਮੈਨ ਯੂਨੀਅਨ ਦੇ ਆਗੂ ਗੋਪਾਲ ਦੱਤ ਜੋਸ਼ੀ, ਸੁਖਵਿੰਦਰ ਸਿੰਘ, ਸੁਰਜੀਤ ਸਿੰਘ ਅਤੇ ਵਰਿੰਦਰ ਸਿੰਘ ਗੱਲਬਾਤ ਦੌਰਾਨ। *ਤਸਵੀਰ : ਗੁਰਿੰਦਰ ਸਿੰਘ*

# ਪੀ. ਐੱਚ. ਡੀ. ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਦੇ ਚੰਡੀਗੜ੍ਹ ਚੈਪਟਰ ਵਲੋਂ ਜਾਗਰੂਕਤਾ ਸਮਾਰੋਹ

ਚੰਡੀਗੜ੍ਹ, 19 ਅਕਤੂਬਰ (ਅਜਾਇਬ ਸਿੰਘ ਔਜਲਾ)- ਪੀ. ਐੱਚ. ਡੀ. ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਦੇ ਚੰਡੀਗੜ੍ਹ ਚੈਪਟਰ ਨੇ ਚੰਡੀਗੜ੍ਹ ਪ੍ਰਸ਼ਾਸਨ ਦੇ ਉਦਯੋਗ ਵਿਭਾਗ ਦੇ ਸਹਿਯੋਗ ਨਾਲ ਐੱਮ.ਐੱਸ.ਐੱਮ.ਈ. ਪ੍ਰਦਰਸ਼ਨ ਨੂੰ ਹੁਲਾਰਾ ਦੇਣ ਅਤੇ ਗਤੀ ਦੇਣ (ਆਰ.ਏ.ਐੱਮ.ਪੀ.) ਪ੍ਰੋਗਰਾਮ ਲੜੀ 'ਤੇ ਅੱਜ ਪੰਜਵਾਂ ਜਾਗਰੂਕਤਾ ਸਮਾਰੋਹ ਕਰਵਾਇਆ। ਇਸ ਸੈਸ਼ਨ ਦਾ ਉਦੇਸ਼ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ (ਐੱਮ.ਐੱਸ.ਐੱਮ.ਈ) ਵਿਚ ਮੁਕਾਬਲੇਬਾਜ਼ੀ ਅਤੇ ਸਥਿਰਤਾ ਨੂੰ ਵਧਾਉਣ ਲਈ ਉਪਲਬਧ ਵੱਖ-ਵੱਖ ਯੋਜਨਾਵਾਂ, ਵਿੱਤੀ ਸਾਧਨਾਂ ਅਤੇ ਤਕਨੀਕੀ ਦਖਲਅੰਦਾਜ਼ੀ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਪੀ.ਐੱਚ.ਡੀ.ਸੀ.ਸੀ.ਆਈ. ਦੀ ਖੇਤਰੀ ਐੱਮ.ਐੱਸ.ਐੱਮ.ਈ. ਕਮੇਟੀ ਦੇ ਕਨਵੀਨਰ ਐਡਵੋਕੇਟ ਲੋਕੇਸ਼ ਜੈਨ ਨੇ ਸਰਕਾਰੀ ਯੋਜਨਾਵਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਲਾਭ ਉਠਾਉਣ ਲਈ ਐੱਮ.ਐੱਸ.ਐੱਮ.ਈ. ਦੇ ਲਈ ਜਾਗਰੂਕਤਾ ਅਤੇ ਸਹਾਇਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਪੀ.ਐੱਚ.ਡੀ.ਸੀ.ਸੀ.ਆਈ. ਦੀ ਸੀਨੀਅਰ ਖੇਤਰੀ ਨਿਰਦੇਸ਼ਕ ਭਾਰਤੀ ਸੂਦ ਨੇ ਸ਼ਖ਼ਸੀਅਤਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਵਿਸ਼ਵ ਬੈਂਕ ਅਤੇ ਭਾਰਤ ਸਰਕਾਰ ਦੇ ਐੱਮ.ਐੱਸ.ਐੱਮ.ਈ. ਮੰਤਰਾਲੇ ਦੁਆਰਾ ਸਮਰਥਤ ਰੈਂਪ ਪ੍ਰੋਗਰਾਮ, ਤਕਨਾਲੋਜੀ, ਵਿੱਤ ਅਤੇ ਬਾਜ਼ਾਰ ਸਬੰਧਾਂ ਤੱਕ ਪਹੁੰਚ ਨੂੰ ਬਿਹਤਰ ਬਣਾ ਕੇ ਐਮਐਸਐਮਈ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਸੈਸ਼ਨ ਦੌਰਾਨ, ਲੁਧਿਆਣਾ ਦੇ ਐੱਮ.ਐੱਸ.ਐੱਮ.ਈ.-ਡੀ.ਐੱਫ.ਓ. ਦੇ ਵਧੀਕ ਨਿਰਦੇਸ਼ਕ ਮੋਹਿਤ ਨੇ ਉਦਯੋਗ ਲਈ ਐੱਮ.ਐੱਸ.ਐੱਮ.ਈ. ਮੰਤਰਾਲੇ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਬਾਰੇ ਦੱਸਿਆ। ਐੱਨ.ਸੀ.ਜ਼ੀ. ਕਾਰਪੋਰੇਟ ਇੰਜੀਨੀਅਰਜ਼ ਦੇ ਡਾਇਰੈਕਟਰ ਨਿਭੈ ਨੇ ਐੱਮ.ਐੱਸ.ਐੱਮ.ਈ. ਲਈ ਲੋੜੀਂਦੀ ਤਕਨਾਲੋਜੀ ਅਪਣਾਉਣ ਬਾਰੇ ਆਪਣੀ ਗੱਲ ਰੱਖੀ। ਚੰਡੀਗੜ੍ਹ ਪਾਵਰ ਡਿਸਟ੍ਰੀਬਿਊਸ਼ਨ ਲਿਮਟਿਡ ਦੇ ਪ੍ਰਮੋਦ ਕੁਮਾਰ ਮਿਸ਼ਰਾ ਨੇ ਨਵਿਆਉਣਯੋਗ ਊਰਜਾ ਏਕੀਕਰਨ ਅਤੇ ਇਸਦੇ ਲੰਬੇ ਸਮੇਂ ਦੇ ਲਾਭਾਂ ਬਾਰੇ ਭਾਗੀਦਾਰਾਂ ਨੂੰ ਸੰਬੋਧਨ ਕੀਤਾ, ਅਤੇ ਪੀ.ਐਚ.ਡੀ.ਸੀ.ਸੀਆਈ ਦੇ ਖੇਤਰੀ ਬੈਂਕਿੰਗ ਅਤੇ ਵਿੱਤੀ ਸੇਵਾਵਾਂ ਕਮੇਟੀ ਦੇ ਸਹਿ-ਕਨਵੀਨਰ ਸ਼ਿਵ ਸ਼ੰਕਰ ਕੁਮਾਰ ਨੇ ਐੱਮ.ਐੱਸ.ਐੱਮ.ਈ. ਵਿੱਤ ਅਤੇ ਐੱਮ.ਐੱਸ.ਐੱਮ.ਈ. ਲਈ ਉਪਲਬਧ ਵੱਖ-ਵੱਖ ਵਿੱਤੀ ਸਾਧਨਾਂ ਬਾਰੇ ਗੱਲ ਕੀਤੀ। ਸੈਸ਼ਨ ਪ੍ਰਸ਼ਨ-ਉੱਤਰ ਸੈਸ਼ਨ ਨਾਲ ਸਮਾਪਤ ਹੋਇਆ, ਜਿੱਥੇ ਭਾਗੀਦਾਰਾਂ ਨੇ ਮਾਹਰਾਂ ਨਾਲ ਗੱਲਬਾਤ ਕੀਤੀ ਅਤੇ ਯੋਜਨਾ ਲਾਗੂ ਕਰਨ, ਵਿੱਤੀ ਚੁਣੌਤੀਆਂ ਅਤੇ ਤਕਨਾਲੋਜੀ ਏਕੀਕਰਨ ਬਾਰੇ ਆਪਣੇ ਦੇ ਹੱਲ ਪ੍ਰਾਪਤ ਕੀਤੇ।



ਪੀ.ਐਚ.ਡੀ ਚੈਂਬਰ ਆਫ਼ ਕਾਮਰਸ ਦੁਆਰਾ ਚੰਡੀਗੜ੍ਹ ਸਹਿਯੋਗ ਨਾਲ ਕਰਵਾਏ ਜਾਗਰੂਕਤਾ ਪ੍ਰੋਗਰਾਮ ਦੌਰਾਨ ਮੰਚ 'ਤੇ ਐੱਮ.ਐੱਸ.ਐੱਮ.ਆਈ. ਦੇ ਕਨਵੀਨਰ ਐਡਵੋਕੇਟ ਲੋਕੇਸ਼ ਜੈਨ, ਨਿਰਦੇਸ਼ਕ ਮੋਹਿਤ , ਪੀ.ਐੱਚ.ਡੀ ਸੀ.ਸੀ.ਆਈ. ਦੇ ਖੇਤਰੀ ਨਿਰਦੇਸ਼ਕ ਭਾਰਤੀ ਸੂਦ ਤੇ ਹੋਰ। *ਤਸਵੀਰ : ਕਮਲਜੀਤ ਸਿੰਘ*